# 2023-2024 Novavax COVID-19 ਵੈਕਸੀਨ: ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

Vaccinate WA
CovidVaccineWA.org

## Novavax ਵੈਕਸੀਨ ਕੀ ਹੈ?

Novavax, Food and Drug Administration (FDA, ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ) ਵੱਲੋਂ ਮਾਨਤਾ ਪ੍ਰਾਪਤ COVID-19 ਦੀ ਸਭ ਤੋਂ ਨਵੀਂ ਵੈਕਸੀਨ ਹੈ ਅਤੇ ਇਹ ਅਮਰੀਕਾ ਵਿੱਚ ਇਸ ਸਮੇਂ ਉਪਲਬਧ COVID-19 ਦੀਆਂ ਦੂਜੀਆਂ ਵੈਕਸੀਨਾਂ ਨਾਲੋਂ ਵੱਖਰੀ ਹੈ। Novavax ਇੱਕ ਪ੍ਰੋਟੀਨ ਸਬਯੂਨਿਟ ਵੈਕਸੀਨ ਹੈ, ਇਸ ਵਿੱਚ ਉਹੀ ਤਕਨਾਲੋਜੀ ਵਰਤੀ ਗਈ ਹੈ ਜੋ HPV, ਹੈਪੇਟਾਈਟਸ ਬੀ ਅਤੇ ਫਲੂ ਵਰਗੀਆਂ ਵੈਕਸੀਨਾਂ ਨੂੰ ਬਣਾਉਣ ਲਈ ਵਰਤੀ ਜਾਂਦੀ ਹੈ। ਜਿਹਨਾਂ ਨੇ ਪਹਿਲਾਂ COVID-19 ਦੀ ਵੈਕਸੀਨ ਪ੍ਰਾਪਤ **ਨਹੀਂ** ਕੀਤੀ ਹੈ, Novavax, 2 ਖੁਰਾਕਾਂ ਵਾਲੀ ਸੀਰੀਜ਼ ਹੈ, ਜੋ 3 ਹਫ਼ਤਿਆਂ ਦੇ ਅੰਤਰਾਲ ਵਿੱਚ ਦਿੱਤੀ ਜਾਂਦੀ ਹੈ ਅਤੇ ਇਹ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਉਪਲਬਧ ਹੈ।

## Novavax ਇੱਕ ਪ੍ਰੋਟੀਨ ਸਬਯੂਨਿਟ ਵੈਕਸੀਨ ਹੈ।

ਮਾਨਤਾ ਪ੍ਰਾਪਤ ਹਰ ਵੈਕਸੀਨ ਸਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ COVID-19 ਦੇ ਵਾਇਰਸ ਦੀ ਪਛਾਣ ਕਰਨ ਅਤੇ ਉਸ ਉੱਤੇ ਹਮਲਾ ਕਰਨ ਵਿੱਚ ਮਦਦ ਕਰਦੀ ਹੈ, ਜਦ ਕਿ Novavax ਵਿੱਚ ਇੱਕ ਪੁਰਾਣੀ, ਜ਼ਿਆਦਾ ਜਾਣੀ-ਪਛਾਣੀ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਹੈ।



- ਪ੍ਰੋਟੀਨ ਸਬਯੂਨਿਟ ਵੈਕਸੀਨ ਵਿੱਚ ਉਸ ਵਾਇਰਸ ਦੇ ਭਾਗ (ਪ੍ਰੋਟੀਨ) ਹੁੰਦੇ ਹਨ ਜਿਸ ਕਾਰਨ COVID-19 ਹੁੰਦਾ ਹੈ।
- ਇਸ ਵਿੱਚ ਫੈਟ ਅਤੇ ਸ਼ੂਗਰ ਸਮੇਤ ਇੱਕ ਐਡਿਟਿਵ ਵੀ ਹੁੰਦਾ ਹੈ, ਜੋ ਤੁਹਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ ਵਾਇਰਸ ਨਾਲ ਲੜਨ ਅਤੇ ਭਵਿੱਖ ਵਿੱਚ ਤੁਹਾਡੀ ਰੱਖਿਆ ਕਰਨ ਦੇ ਕਾਬਲ ਬਣਾਉਂਦਾ ਹੈ।
- ਇਸ ਵਿੱਚ mRNA ਮੌਜੂਦ ਨਹੀਂ ਹੁੰਦਾ ਹੈ।

## Novavax ਦੇ ਮਾੜੇ ਪ੍ਰਭਾਵ ਬਹੁਤ ਘੱਟ ਹਨ।

Novavax ਦੇ ਅਸਥਾਈ ਮਾੜੇ ਪ੍ਰਭਾਵ, COVID-19 ਦੀਆਂ ਦੂਜੀਆਂ ਵੈਕਸੀਨਾਂ ਦੇ ਸਧਾਰਨ ਮਾੜੇ ਪ੍ਰਭਾਵਾਂ ਤੋਂ ਅਲੱਗ ਨਹੀਂ ਹਨ: ਟੀਕੇ ਵਾਲੀ ਥਾਂ 'ਤੇ ਦਰਦ/ਨਾਜ਼ੁਕਤਾ, ਲਾਲੀ ਅਤੇ ਸੋਜਸ਼, ਅਤੇ ਨਾਲ ਹੀ ਥਕਾਵਟ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਜੋੜਾਂ ਵਿੱਚ ਦਰਦ, ਜੀਅ ਕੱਚਾ ਹੋਣਾ/ਉਲਟੀਆਂ ਅਤੇ ਬੁਖਾਰ। ਪ੍ਰੋਟੀਨ ਸਬਯੂਨਿਟ COVID-19 ਵੈਕਸੀਨ ਦੇ ਕਾਰਨ ਤੁਹਾਨੂੰ COVID-19 ਜਾਂ ਕੋਈ ਹੋਰ ਬਿਮਾਰੀ ਨਹੀਂ ਹੋ ਸਕਦੀ ਹੈ।

## ਸਾਨੂੰ ਕੀ ਪਤਾ ਹੈ?

COVID-19 ਦੇ ਗੰਭੀਰ ਨਤੀਜਿਆਂ ਤੋਂ ਬਿਹਤਰ ਸੁਰੱਖਿਆ ਪ੍ਰਦਾਨ ਕਰਨ ਲਈ, Novavax ਵੈਕਸੀਨ ਦਾ ਅੱਪਡੇਟ ਕੀਤਾ 2023-2024 ਫਾਰਮੂਲਾ, ਐਡਜੁਵੇਂਟਿਡ ਵਰਤਮਾਨ ਵਿੱਚ ਫੈਲ ਰਹੇ ਵੇਰੀਐਂਟ ਨੂੰ ਨਿਸ਼ਾਨਾ ਬਣਾਉਂਦਾ ਹੈ। Novavax ਬਾਰੇ ਸਾਨੂੰ ਇਹ ਵੀ ਪਤਾ ਲੱਗਿਆ ਹੈ ਕਿ:



- 2021 ਤੋਂ ਕੈਨੇਡਾ ਸਮੇਤ ਕਈ ਹੋਰ ਦੇਸ਼ਾਂ ਵਿੱਚ COVID-19 ਵੈਕਸੀਨ ਦਾ ਮੂਲ ਫਾਰਮੂਲਾ ਕਾਰਗਰ ਰੂਪ ਵਿੱਚ ਵਰਤਿਆ ਜਾ ਰਿਹਾ ਹੈ।
- ਇਸ ਵਿੱਚ ਦੂਜੀਆਂ ਵੈਕਸੀਨਾਂ ਵਿੱਚ ਵਰਤੇ ਜਾਣ ਵਾਲੇ ਅਜਿਹੇ ਅੰਸ਼ ਮੌਜੂਦ ਨਹੀਂ ਹਨ ਜੋ ਐਲਰਜੀ ਪੈਦਾ ਕਰਦੇ ਹਨ।
- Novavax ਵਰਗੀਆਂ ਸਬਯੂਨਿਟ ਵੈਕਸੀਨਾਂ ਵਿੱਚ ਜੀਵਿਤ ਵਾਇਰਸ ਨੂੰ ਨਹੀਂ ਵਰਤਿਆ ਜਾਂਦਾ ਅਤੇ ਇਹ ਸਾਡੇ ਜੀਨਸ ਨੂੰ ਬਦਲ ਜਾਂ ਉਹਨਾਂ ਨਾਲ ਛੇੜਛਾੜ ਵੀ ਨਹੀਂ ਕਰ ਸਕਦੀ ਹੈ।

12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ, ਜਿਹਨਾਂ ਦੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਜ਼ਿਆਦਾ ਕਮਜ਼ੋਰ ਹੈ ਜਾਂ ਜਿਹਨਾਂ ਨੇ ਵੈਕਸੀਨ ਪ੍ਰਾਪਤ ਨਹੀਂ ਕੀਤੀ ਹੈ, ਉਹ Novavax COVID-19 ਵੈਕਸੀਨ ਪ੍ਰਾਪਤ ਕਰਨ ਬਾਰੇ ਵਿਚਾਰ ਕਰ ਸਕਦੇ ਹਨ। ਜਿਹਨਾਂ ਨੇ ਪਹਿਲਾਂ ਕੋਈ ਵੀ COVID-19 ਵੈਕਸੀਨ ਪ੍ਰਾਪਤ ਕੀਤੀ ਹੈ, ਉਹ ਆਪਣੀ ਆਖਰੀ ਖੁਰਾਕ ਤੋਂ ਘੱਟੋ-ਘੱਟ 2 ਮਹੀਨਿਆਂ ਬਾਅਦ Novavax (ਐਡਜੁਵੇਂਟਿਡ 2023-2024 ਫਾਰਮੂਲਾ) ਦੀ 1 ਖੁਰਾਕ ਪ੍ਰਾਪਤ ਕਰ ਸਕਦੇ ਹਨ। ਕਮਜ਼ੋਰ ਇਮਿਊਨਿਟੀ ਵਾਲੇ ਵਿਅਕਤੀਆਂ ਲਈ ਇੱਕ ਵਾਧੂ ਖੁਰਾਕ ਉਪਲਬਧ ਕਰਵਾਈ ਜਾ ਸਕਦੀ ਹੈ।

## ਵੈਕਸੀਨ ਲਗਵਾਉਣਾ ਅਜੇ ਵੀ ਸਭ ਤੋਂ ਵਧੀਆ ਚੋਣ ਹੈ।

ਅੱਪਡੇਟ ਕੀਤੀਆਂ 2023-2024 COVID-19 ਵੈਕਸੀਨਾਂ ਵਿੱਚੋਂ ਕਿਸੇ ਨੂੰ ਵੀ ਦੂਜੇ ਨਾਲੋਂ ਵੱਧ ਤਰਜੀਹ ਨਹੀਂ ਦਿੱਤੀ ਜਾਂਦੀ ਹੈ। ਵੈਕਸੀਨ ਭਾਵੇਂ ਕਿਸੇ ਵੀ ਬ੍ਰਾਂਡ ਦੀ ਹੋਵੇ, COVID-19 ਅਤੇ ਇਸ ਦੇ ਪ੍ਰਭਾਵਾਂ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਇਹੀ ਹੈ। ਤੁਹਾਡੇ ਲਈ ਕਿਹੜਾ ਵਿਕਲਪ ਸਹੀ ਹੈ, ਇਸ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।




Washington State Department of HEALTH
DOH 825-052 November 2023 Punjabi
ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰ ਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।